Tender Heart High school sec-33 B chd.

Class - 9 Ramandeep Kaur

Topic- ਸਾਂਝੀ ਕੰਧ Pbi. Lit. P-1

ਵਿਦਿਆਰਥੀਓ ਇਸ ਪਾਠ ਵਿੱਚ ਅਸੀਂ 'ਸਾਂਝੀ ਕੰਧ' ਕਹਾਣੀ ਦੇ ਵਿਸ਼ੇ ਬਾਰੇ ਚਰਚਾ ਕਰਾਂਗੇ। 'ਸੰਤੋਖ ਸਿੰਘ ਧੀਰ' ਦੀ ਕਹਾਣੀ ਦਾ ਸੰਦੇਸ਼ ਬਹੁਤ ਹੀ ਵਧੀਆ ਹੈ। ਸਮਾਜ ਨੂੰ ਭਾਈਚਾਰਕ ਸਾਂਝ ਦੀ ਸੋਚ ਦਿੱਤੀ ਹੈ। ਅਜਿਹੀ ਸੁਖਾਂਤਕ ਅੰਤ ਵਾਲੀ ਕਹਾਣੀ ਪੜ੍ਹ ਕੇ ਮਨ ਨੂੰ ਸੰਤੁਸ਼ਟੀ ਮਿਲਦੀ ਹੈ ਕਿ ਅਜਿਹੇ (ਕਪੂਰ ਸਿੰਘ) ਵਰਗੇ ਨੇਕ ਦਿਲ ਵੀ ਇਸ ਦੁਨਿਆ ਵਿੱਚ ਹਨ।

ਆਓ ਪਹਿਲਾਂ ਕਹਾਣੀ ਦੇ ਪਾਤਰਾਂ ਬਾਰੇ ਵਿਚਾਰ ਕਰੀਏ।

ਕਪੂਰ ਸਿੰਘ ( ਮੁੱਖ ਪਾਤਰ )

ਦਰਬਾਰਾ ਸਿੰਘ (ਖਾਸ ਪਾਤਰ ਅਤੇ ਕਪੂਰ ਸਿੰਘ ਦੇ ਚਾਚੇ ਦਾ ਪੁੱਤ)

ਭਾਬੀ ਰਾਮ ਕੌਰ ( ਗੁਆਂਢਣ ਘਰ ਦੇ ਸੱਜੇ ਪਾਸੇ)

ਚੰਨਣ ਸਿੰਘ ਜੀਠਿਆ ( ਗੁਆਂਢੀ ਘਰ ਦੇ ਪਿਛਲੇ ਪਾਸੇ)

ਰਾਮ ਰਤਨ ਪਟਵਾਰੀ
ਧੰਮਾ ਸਿੰਘ ਸਰਪੰਚ
ਨੌਤਾ ਲੰਬੜਦਾਰ
(ਪੰਚਾਇਤੀ ਮੈਂਬਰ)

ਹਰਬੰਸੋ ( ਦਰਬਾਰੇ ਦੀ ਧੀ)

ਕਹਾਣੀਕਾਰ ਨੇ ਪਾਤਰ ਉਸਾਰੀ ਬਹੁਤ ਹੀ ਵਧੀਆ ਢੰਗ ਨਾਲ ਕੀਤੀ ਹੈ। ਯਥਾਰਥ ਅਤੇ ਕਲਪਨਾ ਦਾ ਸਹੀ ਸੁਮੇਲ ਕੀਤਾ ਹੈ। ਸਾਰੇ ਪਾਤਰ ਅਤੇ ਉਨ੍ਹਾਂ ਦੀ ਸ਼ਬਦਾਵਲੀ ਪਾਠਕ ਦੇ ਮਨ ਨੂੰ ਟੁੰਬਦੀ ਹੈ। ਕਹਾਣੀ ਅਰੰਭ ਤੋਂ ਅੰਤ ਤੱਕ ਆਪਣੀ ਰੋਚਕਤਾ ਨਹੀਂ ਛੱਡਦੀ। ਸੁਚੱਜੇ ਢੰਗ ਨਾਲ ਕਹਾਣੀ ਰਚੀ ਗਈ ਹੈ।

Class - 9 Ramandeep Kaur

Topic - ਸਾਂਝੀ ਕੰਧ Pbi. Lit. P-2

## ਕਹਾਣੀ ਦਾ ਵਿਸ਼ਾ

'ਸਾਂਝੀ ਕੰਧ' ਕਹਾਣੀ ਦਾ ਸੁਨੇਹਾ ਬਹੁਤ ਹੀ ਵਧੀਆ ਹੈ। ਕਪੂਰ ਸਿੰਘ ਅਤੇ ਦਰਬਾਰੇ ਦੇ ਇਰਦ-ਗਿਰਦ ਕਹਾਣੀ ਘੁੰਮਦੀ ਹੈ। ਕਹਾਣੀ ਦਾ ਵਿਸ਼ਾ ਹੈ ਭਾਈਚਾਰਕ ਸਾਂਝ। ਫਜ਼ੂਲ ਅਤੇ ਛੋਟੀਆਂ ਗੱਲਾਂ ਤੇ ਜ਼ਿੰਦਗੀ ਬਰਬਾਦ ਨਾ ਕਰੋ। ਕਿਸੇ ਦੀਆਂ ਸੁਣੀਆਂ ਹੋਈਆਂ ਗੱਲਾਂ ਜਾਂ ਲਾਈਲੱਗ ਨਾ ਬਣੋ। ਆਪਸੀ ਵੈਰ-ਵਿਰੋਧ ਤੋਂ ਦੂਰ ਰਹੋ। ਔਖੇ ਸਮੇਂ ਆਪਣਾ ਹੀ ਆਪਣੇ ਦੇ ਕੰਮ ਆਉਂਦਾ ਹੈ। ਨਹੁੰ ਨਾਲੋਂ ਮਾਸ ਅੱਡ ਨਹੀਂ ਹੁੰਦਾ। ਅਸੀਂ ਕਹਾਣੀ ਵਿੱਚ ਪੜ੍ਹਦੇ ਹਾਂ ਕਿ ਕਪੂਰ ਸਿੰਘ ਸਾਂਝੀ ਕੰਧ ਬਾਰੇ ਕਿਸੇ ਵੀ ਕਿਸਮ ਦਾ ਝਗੜਾ ਜਾਂ ਵੈਰ ਵਿਰੋਧ ਨਹੀਂ ਚਾਹੁੰਦਾ ਸੀ ਪਰ ਪੰਮਾ ਸਿੰਘ ਸਰਪੰਚ ਅਜਿਹੀ ਸਥਿਤੀ ਪੈਦਾ ਕਰਦਾ ਹੈ ਅਤੇ ਦਰਬਾਰੇ ਨੂੰ ਭੜਕਾ ਕੇ ਦੋਹਾਂ ਭਰਾਵਾਂ ਵਿੱਚ ਵੈਰ ਪਾਉਂਦਾ ਹੈ। ਭਾਵੇਂ ਕੰਧ ਬਣ ਜਾਂਦੀ ਹੈ ਪਰ ਦੋਹਾਂ ਪਰਿਵਾਰਾਂ ਵਿੱਚ ਪੀੜ੍ਹੀਆਂ ਦੀ ਦੁਸ਼ਮਣੀ ਪੈ ਜਾਂਦੀ ਹੈ। ਅਖੀਰ ਜਦੋਂ ਦਰਬਾਰਾ ਬਿਮਾਰ ਹੋ ਜਾਂਦਾ ਹੈ। ਉਹ ਨਿਮੂਨੀਏ ਨਾਲ ਘੁਲਦਾ ਹੈ ਮਰਨ ਕਿਨਾਰੇ ਹੈ ਤਾਂ ਕਪੂਰ ਸਿੰਘ ਹੀ ਉਸਦੀ ਸਹਾਇਤਾ ਕਰਦਾ ਹੈ। ਕਹਿੰਦਾ ਪਹਿਲਾਂ ਤੂੰ ਠੀਕ ਹੋ ਜਾ ਮਗਰ ਕੰਧ ਦੇ ਪੈਸੇ ਤਾਂ ਆਉਂਦੇ ਹੀ ਰਹਿਣਗੇ। ਦਰਬਾਰਾ ਆਪਣੀ ਗਲਤੀ ਮੰਨਦਾ ਹੈ ਤੇ ਮੁਆਫ਼ੀ ਮੰਗਦਾ ਹੈ ਤੇ ਕਪੂਰ ਸਿੰਘ ਨੂੰ ਆਪਣੀ ਧੀ ਦੇ ਵਿਆਹ ਤੇ ਆਉਣ ਨੂੰ ਕਹਿੰਦਾ ਅਤੇ ਭਰੋਸਾ ਦਵਾਉਂਦਾ ਹੈ ਕਿ ਭਰਾਵਾਂ ਤੋਂ ਵੱਡਾ

Class- 9 | Ramandeep Kaur

Topic- ਸਾਂਝੀ ਕੰਧ | Pbi. Lit. P-3

ਮਿਸ਼ਤਾ ਹੋਸ਼ ਕੋਈ ਨਹੀਂ ਹੈ। ਉਸਨੂੰ ਆਪਣੀ ਗਲਤੀ ਦਾ ਚੰਗੀ ਤਰ੍ਹਾਂ ਅਹਿਸਾਸ ਹੋ ਜਾਂਦਾ ਹੈ।

ਸਾਂਝੀ ਕੰਧ

↙ ↘

ਰਘੂਰ ਸਿੰਘ (ਵੱਡਾ ਭਰਾ)
↓
ਪਿਆਰ ਟੁੱਟ ਗਿਆ
↓
ਪਿਆਰ ਦੀ ਕੰਧ
ਜਾਵੀ ਰਾਮ ਕੌਰ
ਚੰਨਣ ਸਿੰਘ ਚੀਲਿਆ
ਦਰਬਾਰੇ ਸਿੰਘ ] ਸਾਂਝੀ
↓
ਦਰਬਾਰਾ ਕੰਧ ਦਾ ਅੱਧ ਹੋਣ ਤੋਂ ਇਨਕਾਰ ਕਰਦਾ ਹੈ।
↓
ਕੋਈ ਵੀ ਸ਼ਰਤ ਮੰਜ਼ੂਰ ਨਹੀਂ (ਦਰਬਾਰੇ ਨੂੰ)
↓
ਪੰਚਾਇਤ ਦਾ ਫੈਸਲਾ
↓
ਕੰਧ ਦੀ ਮਿਣਤੀ ਸਮੇਂ ਝਗੜਾ

ਦਰਬਾਰਾ ਸਿੰਘ (ਛੋਟਾ ਭਰਾ)
↓
ਪਿਆਰ ਠੀਕ ਹੈ।
↓
ਬਾਕੀ ਵਾਲੀ ਕੰਧ ਰਘੂਰ ਸਿੰਘ ਨਾਲ ਸਾਂਝੀ
↓
ਚੌਧਾਂ ਸਿੰਘ ਸਮਝਿ ਭੜਕ ਗਿਆ ਹੈ।
↓
ਸਾਰੀ ਪੁੱਜਤ ਨਹੀਂ ਧੀ ਦਾ ਵਿਆਹ
↓
ਕੰਧ ਵਾਸਤੇ ਮੰਨਣਾ ਹੀ ਪਿਆ
↓
ਆਪਸੀ ਵੈਰ ਪਿਆ ਤੇ ਬੋਲ ਚਾਲ ਬੰਦ ਹੋਈ।

P.T.O

Class – 9

ਸਾਂਝੀ ਕੰਧ

Ramandeep Kaur

Page – 4 Lit.

* ਚਾਚੀ ਰਾਮ ਕੌਰ ਦਾ ਦਰਬਾਰੇ ਦੀ ਬਿਮਾਰੀ ਬਾਰੇ ਦੱਸਣਾ।

* ਕਪੂਰ ਸਿੰਘ ਦਾ ਦਰਬਾਰੇ ਦੇ ਘਰ ਜਾਣਾ।

* ਦਰਬਾਰੇ ਦੀ ਹਾਲਤ ਵੇਖਕੇ ਹੌਂਸਲਾ ਦੇਣਾ ਅਤੇ ਸਾਰਾ ਝਗੜਾ ਭੁਲਣਾ। ਇਲਾਜ ਵਾਸਤੇ ਪੈਸੇ ਦੇਣੇ। ਧੀ ਦੇ ਵਿਆਹ ਤੇ ਆਉਣ ਦਾ ਵਾਅਦਾ ਕਰਨਾ। ਦਰਬਾਰੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਣਾ ਤੇ ਕਹਾਣੀ ਦਾ ਅੰਤ ਸੁਖਾਂਤਕ ਹੋਣਾ।

ਕਹਾਣੀ ਦਾ ਸੰਦੇਸ਼

ਸਾਨੂੰ ਲਾਈਲਗ ਨਹੀਂ ਹੋਣਾ ਚਾਹੀਦਾ। ਆਪਣਿਆਂ ਦੀ ਤਕਲੀਫ਼ ਨੂੰ ਸਮਝ ਕੇ ਉਸਦੀ ਸਹਾਇਤਾ ਕਰਨੀ ਚਾਹੀਦੀ ਹੈ।

Last page.